ਪੰਜਾਬ ਸਕੂਲ ਸਿੱਖਿਆ ਬੋਰਡ
(ਓਪਨ ਸਕੂਲ)

ਵੱਲ

ਪ੍ਰਿੰਸੀਪਲ/ਸਕੂਲ ਮੁਖੀ,
ਓਪਨ ਸਕੂਲ ਅਧਿਐਨ ਕੇਂਦਰ
ਪੰਜਾਬ।

ਨੰ (E-50823)-ਪਸਸਬ-ਓ.ਸ.-2026/ 130 ਮਿਤੀ 24/06/2026

ਵਿਸ਼ਾ- ਓਪਨ ਸਕੂਲ ਅਕਾਦਮਿਕ ਸਾਲ 2026-27 ਲਈ ਮੈਟ੍ਰਿਕੁਲੇਸ਼ਨ/ਸੀਨੀਅਰ ਸੈਕੰਡਰੀ ਕੋਰਸ (ਹਿਊਮੈਨਿਟੀਜ਼/ਕਾਮਰਸ/ਸਾਇੰਸ ਗਰੁੱਪ) ਲਈ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸੰਸਥਾ ਨੂੰ ਅਕਾਦਮਿਕ ਸਾਲ 2026-27 ਲਈ ਓਪਨ ਸਕੂਲ ਸਿੱਖਿਆ ਪ੍ਰਨਾਲੀ ਅਧੀਨ ਮੈਟ੍ਰਿਕੁਲੇਸ਼ਨ/ਸੀਨੀਅਰ ਸੈਕੰਡਰੀ ਕੋਰਸ ਦੇ ਅਧਿਐਨ ਕੇਂਦਰ ਵਜੋਂ ਹੇਠ ਲਿਖੀਆਂ ਸ਼ਰਤਾਂ ਤੇ ਆਰਜ਼ੀ ਐਕਰੀਡਿਟੇਸ਼ਨ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ:-

1. ਇਹ ਐਕਰੀਡਿਟੇਸ਼ਨ ਨਿਰੋਲ ਆਰਜ਼ੀ ਹੈ। ਸਬੰਧਤ ਨਿਯਮ/ਵਿਨਿਯਮ, ਹਦਾਇਤਾਂ ਆਦਿ ਅਗਵਾਈ ਪੁਸਤਕ ਵਿੱਚ ਸ਼ਾਮਲ ਹਨ।
2. ਆਪ ਜੀ ਦੇ ਅਧਿਐਨ ਕੇਂਦਰ ਨੂੰ ਅਕਾਦਮਿਕ ਸਾਲ 2026-27 ਲਈ ਆਰਜ਼ੀ ਐਕਰੀਡਿਟੇਸ਼ਨ ਜਾਰੀ ਕੀਤੀ ਜਾਂਦੀ ਹੈ। ਭਵਿੱਖ ਵਿੱਚ ਦਫ਼ਤਰ ਨਾਲ ਪੱਤਰ ਵਿਹਾਰ ਕਰਨ ਸਮੇਂ ਐਕਰੀਡਿਟੇਸ਼ਨ ਸੂਚੀ ਤੇ ਅੰਕਿਤ ਕੋਡ ਨੰਬਰ ਦੀ ਵਰਤੋਂ ਕੀਤੀ ਜਾਵੇ।
3. ਸੰਸਥਾ ਵੱਲੋਂ ਐਕਰੀਡਿਟੇਸ਼ਨ ਨੂੰ ਜਾਰੀ ਰੱਖਣ ਲਈ ਬੋਰਡ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਹਰ ਸਾਲ ਆਨ-ਲਾਈਨ ਵਿਧੀ ਰਾਹੀਂ ਨਿਰਧਾਰਤ ਫੀਸ ਜਮ੍ਹਾ ਕਰਵਾ ਕੇ ਰੀਨਿਊਅਲ ਕਰਵਾਈ ਜਾਵੇ।
4. ਅਗਵਾਈ ਲੀਹਾਂ ਵਿੱਚ ਅਧਿਐਨ ਕੇਂਦਰ ਦੇ ਕਾਰਜ, ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.), ਅੰਤਿਰਕ ਮੁਲਾਂਕਣ ਟੈਸਟ, ਅਤੇ ਪ੍ਰੀ-ਬੋਰਡ ਪ੍ਰੀਖਿਆ ਕੰਡਕਟ ਕਰਵਾਉਣ ਅਗਵਾਈ ਪੁਸਤਕ ਵਿੱਚ ਲੱਗੇ ਪ੍ਰਫਾਰਮੇ ਭੇਜਣ ਬਾਰੇ, ਦਾਖਲੇ ਦੀਆਂ ਯੋਗਤਾਵਾਂ ਪ੍ਰੀਖਿਆ ਦੀਆਂ ਮਿਤੀਆਂ ਅਤੇ ਪੜ੍ਹਾਈ ਸਕੀਮ ਆਦਿ ਸਿਰਲੇਖਾਂ ਅਧੀਨ, ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਹਦਾਇਤਾਂ ਦੀ ਉਲੰਘਣਾ ਕਰਨ ਤੇ ਅਧਿਐਨ ਕੇਂਦਰ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਲਈ ਅਧਿਐਨ ਕੇਂਦਰ ਮੁਖੀ ਆਪ ਜ਼ਿੰਮੇਵਾਰ ਹੋਵੇਗਾ।
5. ਦਾਖਲਾ -ਕਮ-ਪ੍ਰੀਖਿਆ ਫਾਰਮ ਨਿਰਧਾਰਤ ਸ਼ਡਿਊਲ ਅਨੁਸਾਰ ਜਮ੍ਹਾ ਕਰਵਾਏ ਜਾਣ।
6. ਆਨਲਾਈਨ ਵਿਧੀ ਰਾਹੀਂ ਜਮ੍ਹਾ ਕਰਵਾਈ ਗਈ ਫੀਸ ਤੋਂ ਇਲਾਵਾ ਵਿਦਿਆਰਥੀ ਤੋਂ ਹੋਰ ਕਿਸੇ ਕਿਸਮ ਦੀ ਫੀਸ ਨਾ ਲਈ ਜਾਵੇ।
7. ਮੌਜੂਦਾ ਨੀਤੀ ਅਨੁਸਾਰ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਆਨਲਾਈਨ ਪੋਰਟਲ ਰਾਹੀਂ ਸਿੱਧਾ ਦਾਖਲਾ, ਐਕਰੀਡਿਟੇਡਿਟ ਸਕੂਲਾਂ ਰਾਹੀਂ ਦਾਖਲਾ ਅਤੇ ਬੋਰਡ ਦੇ ਖੇਤਰੀ ਦਫਤਰਾਂ ਰਾਹੀਂ ਦਾਖਲਾ ਲੈ ਸਕਦੇ ਹਨ।
8. ਵਿਦਿਆਰਥੀ ਦਾ ਸਹੀ ਫੋਨ ਨੰਬਰ ਉਪਲੱਬਧ ਕਰਵਾਉਣਾ ਸਬੰਧਤ ਐਕਰੀਡਿਟੇਡਿਟ ਕੇਂਦਰ ਦੀ ਜ਼ਿੰਮੇਵਾਰੀ ਹੋਵੇਗੀ।
9. ਦਾਖਲੇ ਦੀ ਪ੍ਰਕਿਰਿਆ ਸ਼ੁਰੂ ਹੋਣ ਉਪਰੰਤ ਕਿਸੇ ਵੀ ਅਧਿਐਨ ਕੇਂਦਰ ਵੱਲੋਂ ਐਕਰੀਡਿਟੇਸ਼ਨ ਵਾਪਿਸ ਨਹੀਂ ਲਈ ਜਾ ਸਕੇਗੀ।
10. ਦਸਵੀਂ ਪ੍ਰੀਖਿਆ ਲਈ ਉਮਰ ਦੀ ਯੋਗਤਾ ਦੇ ਆਧਾਰ ਤੇ ਦਾਖਲ ਹੋ ਰਹੇ ਵਿਦਿਆਰਥੀ ਦਾ ਜਨਮ ਸਰਟੀਫਿਕੇਟ/ਉਮਰ ਸਬੰਧੀ ਕੋਈ ਹੋਰ ਸਬੂਤ ਜਮ੍ਹਾਂ ਕਰਵਾ ਕੇ ਦਾਖਲਾ ਫਾਰਮ ਨਾਲ ਭੇਜਿਆ ਜਾਵੇ।

Scanned with CamScanner

11. ਅਧਿਐਨ ਕੇਂਦਰਾਂ ਲਈ ਅਗਵਾਈ ਲੀਹਾਂ ਅਤੇ ਪ੍ਰਾਸਪੈਕਟਸ (ਦਸਵੀਂ ਅਤੇ ਬਾਰ੍ਹਵੀਂ) ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬਧ ਹਨ।

12. ਐਕਰੀਡਿਟੇਸ਼ਨ ਜਾਰੀ ਹੋਣ ਉਪਰੰਤ ਜੇਕਰ ਕੋਈ ਤੱਥ/ਤਰੁੱਟੀ/ਤਕਨੀਕੀ ਨੁਕਤਾ ਧਿਆਨ ਵਿੱਚ ਆਉਂਦਾ ਹੈ ਤਾਂ ਬੋਰਡ ਨੂੰ ਸੋਧ ਕਰਨ ਦਾ ਪੂਰਾ-ਪੂਰਾ ਹੱਕ ਹੋਵੇਗਾ ਅਤੇ ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਅੰਤਿਮ ਨਿਰਣਾ ਬੋਰਡ ਦਾ ਲਾਗੂ ਹੋਵੇਗਾ।

13. ਸਕੂਲ ਦੀ ਐਫੀਲਿਏਸ਼ਨ ਰੱਦ ਹੋਣ ਦੀ ਸੂਰਤ ਵਿੱਚ ਓਪਨ ਸਕੂਲ ਦੀ ਐਕਰੀਡਿਟੇਸ਼ਨ ਵੀ ਰੱਦ ਹੋ ਜਾਵੇਗੀ।

ਨੋਟ-ਆਪ ਵੱਲੋਂ ਐਕਰੀਡਿਟੇਸ਼ਨ ਆਨਲਾਈਨ ਅਪਲਾਈ ਕੀਤੀ ਗਈ ਹੈ। ਆਪਣਾ ਐਪਲੀਕੇਸ਼ਨ ਫਾਰਮ, ਸਕੂਲ ਦੇ ਵੇਰਵੇ ਐਕਰੀਡਿਟੇਸ਼ਨ ਨਾਲ ਮਿਲਾ ਲਏ ਜਾਣ। ਜੇਕਰ ਕੋਈ ਤਰੁੱਟੀ ਹੋਵੇ ਤਾਂ ਫੋਨ ਨੰ: 0172-5227197 ਤੇ ਸੰਪਰਕ ਕੀਤਾ ਜਾਵੇ ਅਤੇ ਤਰੁੱਟੀਆਂ ਸਬੰਧੀ ddopenschool@yahoo.com ਤੇ ਮੇਲ ਕੀਤੀ ਜਾਵੇ, ਸਮੇਂ ਸਿਰ ਸੂਚਨਾ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਬੰਧਤ ਅਧਿਐਨ ਕੇਂਦਰ ਮੁਖੀ ਦੀ ਹੋਵੇਗੀ।

24/06/2016

ਉਪ ਸਕੱਤਰ (ਪੰਜਾਬੀ ਵਿਕਾਸ ਸੈੱਲ ਅਤੇ ਅਕਾਦਮਿਕ)

ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner